
7.7.91
ਪੰਜਾਬੀ ਟ੍ਰਿਬਿਊਨ

# ਲਿਖਤੀ ਰੂਪ ਵਿਚ ਮੇਰਾ ਪਹਿਲਾ ਨਾਟਕ 'ਘੁੰਮਣਘੇਰੀ'

ਇਹ ਨਾਟਕ ਮੈਂ ਕਿਸੇ ਵੇਲੇ ਨਵਾਂ ਜ਼ਮਾਨਾ ਵਿਚ ਛਪੇ ਇਕ ਨਾਟਕ 'ਘਿਰੇ ਸਾਹਿਲ' ਤੋਂ ਪ੍ਰੇਰਤ ਹੋ ਕੇ ਲਿਖਿਆ ਹੈ। ਉਸ ਨਾਟਕ ਦੇ ਲੇਖਕ ਦਾ ਨਾਂ ਮੇਰੇ ਕੋਲੋਂ ਵਿਸਰ ਗਿਆ ਹੈ ਪਰ ਮੈਨੂੰ ਏਨਾ ਯਾਦ ਹੈ ਕਿ ਲੇਖਕ ਇਕ ਬੈਂਕ ਦਾ ਮੁਲਾਜ਼ਮ ਹੈ ਅਤੇ ਬੈਂਕਾਂ ਦੀ ਟਰੇਡ ਯੂਨੀਅਨ ਵਿਚ ਕੰਮ ਕਰਦਾ ਹੈ। ਇਹ ਨਾਟਕ ਮੇਰੀ ਜੀਵਨ ਸਾਥਣ ਸ੍ਰੀਮਤੀ ਕੈਲਾਸ਼ ਕੌਰ ਦੇ ਸਟੇਜ 'ਤੇ ਮੇਰੇ ਨਾਲ ਕੰਮ ਕਰਨ ਦੀ ਸ਼ੁਰੂਆਤ ਹੈ। ਸਾਡਾ ਵਿਆਹ 31 ਮਈ 1959 ਨੂੰ ਹੋਇਆ ਹੈ। ਸਟਾਫ ਕਲੱਬ ਨੰਗਲ ਦੀ ਸਟੇਜ ਉਤੇ 15 ਅਗਸਤ ਵਾਲੇ ਸਮਾਗਮ ਵਿਚ ਇਹ ਨਾਟਕ ਕਰਨ ਦਾ ਫੈਸਲਾ ਕੀਤਾ ਹੈ। ਇਸ ਨਾਟਕ ਦਾ ਪਲਾਟ ਬੜੇ ਚਿਰਾਂ ਤੋਂ ਮੇਰੇ ਦਿਮਾਗ ਵਿਚ ਘੁੰਮ ਰਿਹਾ ਹੈ ਪਰ ਸਟੇਜ 'ਤੇ ਮੇਰੇ ਨਾਲ ਪਤਨੀ ਦੇ ਰੂਪ ਵਿਚ ਕੰਮ ਕਰਨ ਵਾਲੀ ਪਾਤਰ ਦੀ ਅਣਹੋਂਦ ਕਰ ਕੇ ਮੈਂ ਇਸ ਨੂੰ ਅਮਲੀ ਰੂਪ ਨਹੀਂ ਦੇ ਸਕਿਆ ਹਾਂ, ਪਰ ਹੁਣ ਇਸ ਪਾਤਰ ਦੀ ਮੌਜੂਦਗੀ ਨੇ ਇਸ ਨੂੰ ਮੁਮਕਿਨ ਕਰ ਦਿੱਤਾ ਹੈ। ਇਹ ਇਕ ਕਲਰਕ ਦੀ ਕਹਾਣੀ ਹੈ, ਇਸ ਦੀ ਭੂਮਿਕਾ ਮੈਂ ਨਿਭਾਈ ਹੈ। ਕਲਰਕ ਦੀ ਪਤਨੀ ਦੀ ਭੂਮਿਕਾ ਕੈਲਾਸ਼ ਹੁਰਾਂ ਨੇ। ਛੋਟੇ ਭਰਾ ਦੀ ਭੂਮਿਕਾ ਲਈ ਅਮਰੀਕ ਹੈ, ਜਿਸ ਨੇ 'ਦੀਵਾ ਬੁਝ ਗਿਆ' ਨਾਟਕ ਵਿਚ ਪਹਿਲੇ ਹੀ ਆਪਣੀ ਐਕਟਿੰਗ ਦੀ ਧਾਂਕ ਬਿਠਾਈ ਹੈ। ਭੈਣ ਦੇ ਰੂਪ ਵਿਚ ਕਾਮਰੇਡ ਦਰਸ਼ਨ ਸਿੰਘ ਦੀ ਸੁਪਤਨੀ ਸ਼ੀਲਾ ਅਤੇ ਦੋਸਤ ਦੇ ਰੂਪ ਵਿਚ ਫੁਲਵੰਤ ਸਿੰਘ ਹਨ। ਨੰਗਲ ਦੀ ਸਾਡੀ ਰੋਜ਼ ਦੀ ਜ਼ਿੰਦਗੀ ਦੇ ਰਿਸ਼ਤੇ ਵੀ ਨਾਟਕ ਦੇ ਰਿਸ਼ਤਿਆਂ ਵਾਲੇ ਹੀ ਹਨ। ਮੈਂ ਅਮਰੀਕ, ਸ਼ੀਲ, ਫੁਲਵੰਤ ਲਈ ਵੀਰ ਜੀ ਹਾਂ ਅਤੇ ਕੈਲਾਸ਼ ਉਨ੍ਹਾਂ ਦੀ ਭਾਬੀ ਜੀ ਹਨ।

ਨਾਟਕ ਸ਼ੁਰੂ ਹੁੰਦਾ ਹੈ, ਜਦੋਂ ਦੀਪ ਇਕ ਕਹਾਣੀ ਲਿਖ ਰਹੀ ਹੈ, ਉਹ ਕਲਰਕ ਦੀ ਵਿਆਹੁਣਯੋਗ ਉਮਰ ਦੀ ਭੈਣ ਹੈ ਪਰ ਟੀ. ਬੀ. ਦੀ ਮਰੀਜ਼ ਹੈ। ਭਰਾ ਅਮਰੀਕ ਬਾਹਰੋਂ ਆਉਂਦਾ ਹੈ। ਉਹ ਕਾਲਜ ਦਾ ਵਿਦਿਆਰਥੀ ਹੈ। ਉਹ ਅਮਰੀਕ ਨੂੰ ਕਹਾਣੀ ਸੁਣਨ ਲਈ ਆਖਦੀ ਹੈ। ਅਮਰੀਕ ਇਸ ਤੋਂ ਇਨਕਾਰੀ ਹੈ ਕਿਉਂਕਿ ਉਹ ਜਾਣਦਾ ਹੈ ਕਿ ਦੀਪ ਦੀ ਲਿਖੀ ਹੋਈ ਕਹਾਣੀ ਦੁਖਾਂ ਦੀ ਕਹਾਣੀ ਹੋਵੇਗੀ। ਦੀਪ ਦੀ ਦਲੀਲ ਹੈ ਕਿ ਜਦੋਂ ਆਲੇ-ਦੁਆਲੇ ਦੁਖ ਹੀ ਹਨ ਤਾਂ ਫੇਰ ਕੋਈ ਕਹਾਣੀ ਹੋਰ ਹੋ ਵੀ ਕੀ ਸਕਦੀ ਹੈ? ਭਾਬੀ, ਜੋ ਦੀਪ ਅਤੇ ਅਮਰੀਕ ਲਈ ਮਾਵਾਂ ਵਰਗੀ ਭਾਬੀ ਹੈ, ਆ ਕੇ ਆਪਣੀ ਦਲੀਲ ਦਿੰਦੀ ਹੈ। ਚਿੰਨ੍ਹਾਤਮਿਕ ਤੌਰ 'ਤੇ ਘਰ ਵਿਚ ਗਿੱਲੀਆਂ ਲੱਕੜਾਂ ਬਲਣ ਕਰ ਕੇ ਧੂੰਏ ਦੀ ਗੱਲ ਹੁੰਦੀ ਹੈ ਤਾਂ ਦੀਪ ਕਹਿੰਦੀ ਹੈ, "ਸਾਡੀ ਜ਼ਿੰਦਗੀ ਵੀ ਇਕ ਗਿੱਲੀ ਲੱਕੜ ਹੈ, ਨਾ ਹੀ ਇਹ ਭਾਂਬੜ ਬਣ ਕੇ ਬਲਦੀ ਹੈ ਤੇ ਨਾ ਹੀ ਬੁਝਦੀ ਹੈ, ਬਸ ਸੁਲਗਦੀ ਹੀ ਰਹਿੰਦੀ ਹੈ ਤੇ ਆਲੇ-ਦੁਆਲੇ ਧੂੰਆਂ ਹੀ ਧੂੰਆਂ ਦਿੰਦੀ ਹੈ।" ਇਹ ਵਾਰਤਾਲਾਪ ਉਹਦੀ ਆਪਣੀ ਜ਼ਿੰਦਗੀ ਦੀ ਅਸਲੀਅਤ ਦਾ ਪ੍ਰਗਟਾਵਾ ਹੈ। ਵੀਰ ਜੀ ਦਫਤਰ ਤੋਂ ਆਉਂਦੇ ਹਨ। ਉਨ੍ਹਾਂ ਦੀ ਆਪਣੀ ਖਿਝ ਹੈ। ਉਹ ਕੁਝ ਕਰਨਾ ਚਾਹੁੰਦੇ ਹਨ ਪਰ ਭੈਣ ਦੀ ਬਿਮਾਰੀ ਅਤੇ ਆਰਥਿਕ ਮਜਬੂਰੀਆਂ ਉਨ੍ਹਾਂ ਦਾ ਰਾਹ ਰੋਕ ਕੇ ਖੜ੍ਹੀਆਂ ਹਨ। ਇਕ ਵਾਰਤਾਲਾਪ ਵਿਚ ਉਹ ਕਹਿੰਦੇ ਹਨ, "ਮੈਂ ਜ਼ਿੰਦਗੀ ਦੇ ਤੂਫਾਨਾਂ ਦਾ ਮੁਕਾਬਲਾ ਕਰਨਾ ਚਾਹੁੰਦਾ ਹਾਂ, ਪਰ ਮੈਨੂੰ ਲਗਦਾ ਹੈ ਕਿ ਜਿੰਨਾ ਮੈਂ ਯਤਨ ਕਰਦਾ ਹਾਂ, ਓਨਾ ਹੀ ਥੱਲੇ ਜਾ ਰਿਹਾ ਹਾਂ। ਮੇਰੀਆਂ ਬਾਹਵਾਂ ਥੱਕ ਗਈਆਂ ਹਨ। ਮੈਂ ਇਕ ਘੁੰਮਣਘੇਰੀ ਵਿਚ ਫਸ ਗਿਆ ਹਾਂ।"



## ਮੇਰੀ ਨਾਟਕ ਡਾਇਰੀ

ਗੁਰਸ਼ਰਨ ਸਿੰਘ

ਦੋਸਤ ਆਉਂਦਾ ਹੈ, ਦੀਪ ਦੇ ਵਿਆਹ ਦੀ ਗੱਲ ਕਰਦਾ ਹੈ। ਉਹਨੇ ਹੀ ਇਕ ਥਾਂ ਉਹਦੀ ਮੰਗਣੀ ਕਰਵਾਉਣ ਵੇਲੇ ਵਿਚੋਲਗਿਰੀ ਕੀਤੀ ਹੋਈ ਹੈ ਤੇ ਉਹ ਹੁਣ ਛੇਤੀ ਵਿਆਹ ਮੰਗ ਰਹੇ ਹਨ। ਵੀਰ ਜੀ ਬਿਮਾਰੀ ਦੀ ਹਾਲਤ ਵਿਚ ਉਹਨੂੰ ਵਿਆਹੁਣਾ ਨਹੀਂ ਚਾਹੁੰਦੇ। ਨਾਟਕ ਦੇ ਅਖੀਰ ਵਿਚ ਦੀਪ ਦੀ ਮੌਤ ਹੈ। ਇਸ ਦੁਖਾਂਤ ਨਾਟਕ ਵਿਚ ਜ਼ਿੰਦਗੀ ਦੀਆਂ ਮਜਬੂਰੀਆਂ ਬਾਰੇ ਵਾਰਤਾਲਾਪ ਦੇ ਰੂਪ ਵਿਚ ਜੋ ਬਿਆਨ ਹਨ, ਉਹ ਇਸ ਨਾਟਕ ਦੀ ਸਫਲਤਾ ਦੇ ਵੱਡੇ ਕਾਰਨ ਹਨ।

ਵੀਰ ਜੀ ਦਾ ਦੋਸਤ ਜਦੋਂ ਦੀਪ ਦੇ ਇਲਾਜ ਬਾਰੇ ਗੱਲ ਕਰਦਾ ਹੈ ਕਿ ਹੁਣ ਤਾਂ ਹਸਪਤਾਲ ਖੁਲ੍ਹ ਗਏ ਹਨ, ਚੰਗੀਆਂ ਚੰਗੀਆਂ ਦਵਾਈਆਂ ਨਿਕਲ ਗਈਆਂ ਹਨ, ਡਾਕਟਰੀ ਸਾਇੰਸ ਨੇ ਬੜੀ ਤਰੱਕੀ ਕਰ ਲਈ ਹੈ ਤਾਂ ਵੀਰ ਜੀ ਦਾ ਜਵਾਬ ਹੈ-

"ਵੱਡੇ ਵੱਡੇ ਹਸਪਤਾਲ ਖੁਲ੍ਹ ਗਏ ਹਨ, ਨਵੀਆਂ ਨਵੀਆਂ ਦਵਾਈਆਂ ਨਿਕਲ ਆਈਆਂ ਹਨ। ਦੁਨੀਆਂ ਬੜੀ ਅੱਗੇ ਚਲੀ ਗਈ ਹੈ ਪਰ ਗਰੀਬੀ ਤਾਂ ਉਥੇ ਹੀ ਖੜ੍ਹੀ ਹੈ, ਮਜਬੂਰੀ ਤਾਂ ਉਥੇ ਹੀ ਖੜ੍ਹੀ ਹੈ।"

ਭਾਬੀ ਕਹਿੰਦੀ ਹੈ ਅਸੀਂ ਦੀਪ ਨੂੰ ਹਮੇਸ਼ਾ ਲਈ ਘਰ ਤਾਂ ਨਹੀਂ ਬਿਠਾਈ ਰੱਖਣਾ। ਇਸ ਸਵਾਲ ਦਾ ਕੋਈ ਜਵਾਬ ਤਾਂ ਲੱਭਣਾ ਹੀ ਚਾਹੀਦਾ ਹੈ ਤਾਂ ਵੀਰ ਜੀ ਦਾ ਜਵਾਬ ਹੈ, "ਜ਼ਰੂਰੀ ਤਾਂ ਨਹੀਂ, ਹਰ ਇਕ ਸਵਾਲ ਦਾ ਕੋਈ ਜਵਾਬ ਹੋਵੇ। ਜ਼ਿੰਦਗੀ ਦੇ ਕਿੰਨੇ ਹੀ ਸਵਾਲ ਹਨ, ਜਿਹੜੇ ਬਗੈਰ ਹੱਲ ਦੇ ਤੁਰਦੇ ਜਾਂਦੇ ਹਨ - ਗਰੀਬੀ ਦਾ ਸਵਾਲ, ਬੇਰੁਜ਼ਗਾਰੀ ਦਾ ਸਵਾਲ, ਬਿਮਾਰੀ ਦਾ ਸਵਾਲ - ਸਵਾਲ ਹੀ ਤਾਂ ਹਨ।" ਦੀਪ ਦੀ ਮੌਤ ਤੋਂ ਬਾਅਦ ਸਿਖਰੀ ਬਿਆਨ ਨਾਟਕ ਦੀ ਰੂਹ ਹੈ, ਜੋ ਵੀਰ ਜੀ ਦੀਪ ਦੀ ਮ੍ਰਿਤਕ ਦੇਹ ਵੱਲ ਉਂਗਲ ਕਰ ਕੇ ਬੋਲਦੇ ਹਨ, "ਹਾਲੀ ਵੀ ਸਾਡੇ ਸਮਾਜ ਵਿਚ ਬਹੁਤ ਸਾਰੇ ਸਵਾਲਾਂ ਦਾ ਹੱਲ ਇਸ (ਮੌਤ) ਤੋਂ ਸਿਵਾਏ ਕੋਈ ਨਹੀਂ।"

ਯਥਾਰਥਵਾਦੀ ਸ਼ੈਲੀ ਵਿਚ ਲਿਖਿਆ ਅਤੇ ਖੇਡਿਆ ਇਹ ਨਾਟਕ 1961 ਵਿਚ ਭਾਸ਼ਾ ਵਿਭਾਗ ਵਲੋਂ ਕੀਤੇ ਮੁਕਾਬਲਿਆਂ ਵਿਚ ਸਟੇਟ ਦਾ ਸਾਰਿਆਂ ਨਾਲੋਂ ਉਤਮ ਨਾਟਕ ਕਰਾਰ ਦਿੱਤਾ ਗਿਆ ਹੈ। ਇਸੇ ਦੌਰਾਨ ਸਾਡੀ ਬੱਚੀ ਗੁੱਗੀ (ਨਵਸ਼ਰਨ) ਪੈਦਾ ਹੋ ਚੁੱਕੀ ਹੈ। ਉਹ ਵੀ ਇਸ ਨਾਟਕ ਵਿਚ ਸ਼ਾਮਲ ਹੋ ਗਈ ਹੈ। 3 ਅਪਰੈਲ 1961 ਦੀ ਟ੍ਰਿਬਿਊਨ ਵਿਚ ਭਾਸ਼ਾ ਵਿਭਾਗ ਦੇ ਨਾਟਕ ਮੁਕਾਬਲੇ ਦਾ ਨਤੀਜਾ ਦੱਸਦੇ ਹੋਏ, ਇਸ ਨਾਟਕ ਬਾਰੇ ਲਿਖਿਆ ਗਿਆ, "ਨੰਗਲ ਦੇ ਇਕ ਟੱਬਰ ਦੀ ਨਾਟਕ ਟੀਮ ਸਟੇਟ ਦੀ ਸਾਰਿਆਂ ਨਾਲੋਂ ਉਤਮ ਨਾਟਕ ਟੀਮ ਕਰਾਰ ਦਿੱਤੀ ਗਈ ਹੈ" - ਇਸ ਸੱਚਾਈ ਹੈ ਕਿ ਭਾਵੇਂ ਇਹ ਟੀਮ ਇਕ ਟੱਬਰ ਦੀ ਨਹੀਂ ਹੈ, ਪਰ ਇਸ ਦੇ ਮੈਂਬਰ ਆਪਸੀ ਰਿਸ਼ਤੇ ਵਿਚ ਇਕ ਟੱਬਰ ਵਾਂਗ ਵੀ ਹਨ। ਇਸ ਨਾਟਕ ਦੀ ਯਾਦ ਮੇਰੀਆਂ ਬਹੁਤ ਕੀਮਤੀ ਯਾਦਾਂ ਵਿਚੋਂ ਇਕ ਯਾਦ ਹੈ।